# ਹਰੇਕ ਪਿੰਡ ਵਿਚ ਸੰਗਤਾਂ ਵੱਲੋਂ ਮਾਰਚ ਅਤੇ ਸਿੰਘ ਸਾਹਿਬਾਨਾਂ ਦਾ ਕੀਤਾ ਭਾਰੀ ਸਵਾਗਤ



**ਖੁਖਰਾਣਾ / ਸਾਧੂ ਸਿੰਘ ਧੰਮੂ** - ਸਮੁੱਚੀ ਕੌਮ ਵੱਲੋਂ ਚੱਬੇ ਦੀ ਧਰਤੀ ਤੇ ਸਥਾਪਤ ਕੀਤੇ ਤਖ਼ਤਾਂ ਦੇ ਜਥੇਦਾਰਾਂ ਸਿੰਘ ਸਾਹਿਬ ਭਾਈ ਜਗਤਾਰ ਸਿੰਘ ਹਵਾਰਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਭਾਈ ਧਿਆਨ ਸਿੰਘ ਜੀ ਮੰਡ, ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਭਾਈ ਅਮਰੀਕ ਸਿੰਘ ਜੀ ਅਜਨਾਲਾ ਤਖਤ ਸ੍ਰੀ ਕੇਸਗੜ੍ਹ ਸਾਹਿਬ, ਭਾਈ ਬਲਜੀਤ ਸਿੰਘ ਜੀ ਦਾਦੂਵਾਲ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਜੀ ਵੱਲੋਂ ਨਸ਼ਿਆਂ ਦੇ ਵਿਚ ਰੁੜਦੀ ਜਾ ਰਹੀ ਨੌਜਵਾਨੀ ਅਤੇ ਪਤਿਤਪੁਣਾ ਅਤੇ ਥਾਂ-ਥਾਂ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋ ਰਹੀ ਬੇਅਦਬੀ ਨੂੰ ਠੱਲ ਪਾਉਣ ਅਤੇ ਸੰਗਤਾਂ ਨੂੰ ਸੁਚੇਤ ਕਰਨ ਵਾਸਤੇ ਧਾਰਮਿਕ ਤੌਰ ਤੇ ਆਈ ਗਿਰਾਵਟ ਨੂੰ ਦੂਰ ਕਰਨ ਵਾਸਤੇ ਅੰਦਰੂਨੀ ਅਤੇ ਬਾਹਰੀ ਹਮਲਿਆਂ ਦਾ ਮੁਕਾਬਲਾ ਕਰਨ ਵਾਸਤੇ ਸੰਗਤਾਂ ਦੀ ਪੁਰਜ਼ੋਰ ਅਪੀਲ ਨੂੰ ਮੁੱਖ ਰੱਖਦਿਆਂ ਹੋਇਆ ਜੋ ਨਸ਼ੇ ਭਜਾਓ, ਪੰਥ, ਪੰਜਾਬ ਬਚਾਓ ਮਾਰਚ ਸਮੂਹ ਪੰਥਕ ਜਥੇਬੰਦੀਆਂ ਅਤੇ ਧਾਰਮਿਕ ਸਖ਼ਸ਼ੀਅਤਾਂ ਨਾਲ ਮਿਲ ਕੇ ਸ਼ਹੀਦਾਂ ਦੀ ਧਰਤੀ ਫਤਿਹਗੜ੍ਹ ਸਾਹਿਬ ਤੋਂ ਆਰੰਭ ਕੀਤਾ ਗਿਆ ਹੈ ਇਸੇ ਲਈ ਤਹਿਤ ਗੁਰਦੁਆਰਾ ਜੋਤੀ ਸਰੂਪ ਪਿੰਡ ਜੋਗੇਵਾਲਾ ਵਾਲਾ ਤੋਂ ਮਾਰਚ ਦੀ ਆਰੰਭਤਾ ਕੀਤੀ ਗਈ ਜਿਸ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਗੱਡੀਆਂ, ਮੋਟਰਸਾਈਕਲਾਂ ਦਾ ਕਾਫਲਾ ਰਵਾਨਾ ਹੋਇਆ। ਸਿੰਘ ਸਾਹਿਬ ਭਾਈ ਅਮਰੀਕ ਸਿੰਘ ਜੀ ਨੇ ਮਾਰਚ ਦੀ ਆਰੰਭਤਾ ਦੀ ਅਰਦਾਸ ਕੀਤੀ।

ਅੱਜ ਦੇ ਮਾਰਚ ਦਾ ਜਾਹੋ ਜਲਾਲ ਵੇਖਣਯੋਗ ਸੀ। ਜਿਸ ਵਿਚ ਵੱਡੀ ਗਿਣਤੀ ਵਿਚ ਨੌਜਵਾਨ ਸ਼ਾਮਲ ਹੋਏ। ਨੌਜਵਾਨਾਂ ਦੇ ਵਿਚ ਭਾਰੀ ਉਤਸ਼ਾਹ ਸੀ, ਬੋਲੇ ਸੋ ਨਿਹਾਲ, ਰਾਜ ਕਰੇਗਾ ਖਾਲਸਾ ਅਤੇ ਪੰਥ ਕੀ ਜੀਤ ਦੇ ਨਾਰਿਆਂ ਨੇ ਅਕਾਸ਼ ਗੂੰਜਣ ਲਾ ਦਿੱਤਾ। ਪਿੰਡਾਂ ਦੇ ਖਰਾਬ ਮੌਸਮ ਹੋਣ ਦੇ ਬਾਵਜੂਦ ਵੀ ਮਾਰਚ ਦਾ ਸੁਆਗਤ ਕਰਨ ਵਾਸਤੇ ਜਗ੍ਹਾ-ਜਗ੍ਹਾ ਸੰਗਤਾਂ ਦਾ ਭਾਰੀ ਹਜੂਮ ਇਕੱਠਾ ਹੋਇਆ ਦੇਖਣ ਨੂੰ ਮਿਲਿਆ। ਹਰੇਕ ਪਿੰਡ ਵਿਚ ਚਾਹ, ਦੁੱਧ, ਮਿਠਾਈਆਂ ਅਤੇ ਫਲ ਫਰੂਟ ਦੇ ਲੰਗਰ ਲਗਾਏ ਗਏ ਅਤੇ ਸਿੰਘ ਸਾਹਿਬਾਨਾਂ ਨੂੰ ਹਰੇਕ ਜਗ੍ਹਾ ਬੋਲਣ ਵਾਸਤੇ ਬੇਨਤੀਆਂ ਕੀਤੀਆਂ ਗਈਆਂ। ਇਥੇ ਇਹ ਜ਼ਿਕਰਯੋਗ ਹੈ ਕਿ ਪਹਿਲੇ 10 ਪਿੰਡਾਂ ਦਾ ਪ੍ਰਬੰਧ ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ ਅਤੇ ਉਹਨਾਂ ਦੇ ਨਜ਼ਦੀਕੀ ਸਹਿਯੋਗੀ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਕੀਤਾ ਸੀ। ਉਨ੍ਹਾਂ ਦੀ ਅਗਵਾਈ ਦੇ ਵਿਚ ਭਾਈ ਜਸਵਿੰਦਰ ਸਿੰਘ, ਭਾਈ ਦਵਿੰਦਰ ਸਿੰਘ ਹਰੀਏਵਾਲਾ, ਗਿਆਨੀ ਸਨਤਾਮ ਸਿੰਘ, ਭਾਈ ਗੁਰਵਿੰਦਰ ਸਿੰਘ ਡੇਮਰੂ, ਰਾਜਾ ਸਿੰਘ ਖੁਖਰਾਣਾ, ਬਲਜਿੰਦਰ ਸਿੰਘ ਖੁਖਰਾਣਾ, ਸੁਖਵਿੰਦਰ ਸਿੰਘ ਸਰੋਤ ਨੇ ਪਿੰਡਾਂ ਦੇ ਵਿਚ ਸੰਗਤਾਂ ਨਾਲ ਤਾਲਮੇਲ ਬਣਾਉਣ ਦੀ ਜੀ ਤੋੜ ਮਿਹਨਤ ਕੀਤੀ। ਪਿੰਡ ਦੇ ਵਿਚ ਸਟੇਜ਼ਾਂ ਤੇ ਸੰਬੋਧਨ ਕਰਦਿਆਂ ਸਿੰਘ ਸਾਹਿਬਾਨਾਂ ਨੇ ਸੰਗਤਾਂ ਨੂੰ ਸੰਦੇਸ਼ ਦਿੰਦਿਆਂ ਹੋਇਆ ਕਿਹਾ ਕਿ ਜੋ ਸਾਡੇ ਨੌਜਵਾਨ ਰਸਤੇ ਤੋਂ ਭਟਕ ਕੇ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਦਿਨੋਂ-ਦਿਨ ਪਤਿਤਪੁਣੇ ਵੱਲ ਵੱਧ ਰਹੇ ਹਨ ਅਤੇ ਡੇਰਾਵਾਦ ਦੇ ਚੁੰਗਲ ਦੇ ਵਿਚ ਫਸਦੇ ਜਾ ਰਹੇ ਹਨ ਅਤੇ ਸਿੱਖੀ ਦੇ ਵਿਚ ਭਾਰੀ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਇਸ ਸਾਰੇ ਕੁਝ ਦਾ ਕਾਰਨ ਜੋ ਸਾਡੀਆਂ ਧਾਰਮਿਕ ਸੰਸਥਾਵਾਂ ਉੱਪਰ ਬੈਠੇ ਆਰ.ਐਸ.ਐਸ. ਦੇ ਏਜੰਟਾਂ ਅਤੇ ਮੌਜੂਦਾ ਸਿਆਸੀ ਤੰਤਰ ਦੀ ਦੇਣ ਹੈ। ਇਸ ਕਰਕੇ ਸਾਨੂੰ ਨੌਜਵਾਨਾਂ ਨੂੰ ਬਚਾਉਣ ਵਾਸਤੇ ਅਤੇ ਸਿੱਖੀ ਨੂੰ ਪ੍ਰਫੁੱਲਤ ਕਰਨ ਵਾਸਤੇ ਮੌਜੂਦਾ ਸਿਆਸੀ ਗੁੰਡਾ ਅਤੇ ਸਿਆਸੀ ਨਸ਼ਾ ਤਸ਼ਕਰਾਂ ਦੇ ਗਠਜੋੜ ਨੂੰ ਪਹਿਚਾਣ ਕੇ ਰਾਜ ਗੱਦੀਆਂ ਤੋਂ ਉਠਾਉਣਾ ਪਵੇਗਾ ਅਤੇ ਧਾਰਮਿਕ ਸੱਤਾ ਤੇ ਕਾਬਜ਼ ਨਰੈਣ ਮਹੰਤ ਦੇ ਵਾਰਸਾਂ ਨੂੰ ਜਥੇਦਾਰੀਆਂ ਅਤੇ ਪ੍ਰਧਾਨਗੀਆਂ ਤੋਂ ਲਾ ਕੇ ਪਾਸੇ ਸੁੱਟਣਾ ਪਵੇਗਾ। ਆਰ. ਐਸ. ਐਸ. ਤੋਂ ਮੁਕਤ ਕਰਵਾ ਕੇ ਚੰਗੇ ਧਾਰਮਿਕ ਬਿਰਤੀ ਵਾਲੇ ਲੋਕਾਂ ਦੇ ਹੱਥ ਵਿਚ ਪ੍ਰਬੰਧ ਸੌਂਪਣਾ ਪਵੇਗਾ ਤਾਂ ਹੀ ਅਸੀਂ ਨੌਜਵਾਨਾਂ ਨੂੰ ਨਸ਼ੇ ਤੋਂ ਬਚਾ ਕੇ ਪਤਿਤਪੁਣੇ ਨੂੰ ਠੱਲ ਪਾ ਕੇ ਰਾਜ ਕਰੇਗਾ ਦਾ ਸਿਧਾਂਤ ਲਾਗੂ ਕਰ ਸਕਾਂਗੇ ਅਤੇ ਸਿੱਖੀ ਦੀ ਚੜ੍ਹਦੀ ਕਲਾ ਕਰ ਸਕਾਂਗੇ ਅਤੇ ਜਗ੍ਹਾ-ਜਗ੍ਹਾ ਹੁੰਦੀਆਂ ਬੇਅਦਬੀਆਂ ਨੂੰ ਰੋਕ ਸਕਾਂਗੇ ਕਿਉਂਕਿ ਮੌਜੂਦਾ ਤੰਤਰ ਤੋਂ ਸਾਨੂੰ ਕੋਈ ਆਸ ਨਹੀਂ, ਇਹ ਮਾਰਚ ਗੁਰਦੁਆਰਾ ਜੋਤੀ ਸਰੂਪ ਜੋਗੇਵਾਲਾ ਤੋਂ ਚਲਦੇ ਪਿੰਡ ਖੁਖਰਾਣਾ ਅੱਡੇ ਉੱਪਰ ਗੁਜ਼ਰਦਾ ਹੋਇਆ ਪਿੰਡ ਮਹੇਸ਼ਰੀ, ਕਾਹਨ ਸਿੰਘ ਵਾਲਾ ਪਿੰਡ ਸੱਦਾ ਸਿੰਘ ਵਾਲਾ, ਦੌਲਤਪੁਰਾ ਉੱਚਾ-ਨੀਵਾਂ, ਚੂਹੜ ਚੱਕ, ਉਮਰੀਆਣਾ, ਮਨ੍ਹਾਂਵਾ, ਬਲਖੰਡੀ ਅਤੇ ਖੋਸਾ ਕੋਟਲਾ ਵਿਖੇ ਸਟੇਜ਼ਾਂ ਕੀਤੀਆਂ ਗਈਆਂ ਜਿਸ ਵਿਚ ਸਿੰਘ ਸਾਹਿਬਾਨਾਂ ਤੋਂ ਇਲਾਵਾ ਬਾਬਾ ਰੇਸ਼ਮ ਸਿੰਘ ਖੁਖਰਾਣਾ, ਭਾਈ ਜਸਵਿੰਦਰ ਸਿੰਘ, ਭਾਈ ਦਵਿੰਦਰ ਸਿੰਘ ਹਰੀਏਵਾਲਾ, ਭਾਈ ਗੁਰਦੀਪ ਸਿੰਘ ਬਠਿੰਡਾ, ਭਾਈ ਮੋਹਕਮ ਸਿੰਘ, ਬਾਬਾ ਚਮਕੌਰ ਸਿੰਘ ਭਾਈ ਰੂਪਾ, ਬਾਬਾ ਸੁਖਦੇਵ ਸਿੰਘ ਜੋਗਾ ਨੰਦ, ਗੁਰਮੀਤ ਸਿੰਘ ਖੋਸਾ ਕੋਟਲਾ, ਬਾਬਾ ਸੁਰਿੰਦਰ ਸਿੰਘ ਜਨ੍ਹੇਰ, ਬਾਬਾ ਬਲਕਾਰ ਸਿੰਘ ਭਾਗੋਕੇ ਅਤੇ ਮਨਜੀਤ ਸਿੰਘ ਮੱਲ੍ਹਾਂ ਆਦਿ ਆਗੂਆਂ ਨੇ ਸੰਬੋਧਨ ਕੀਤਾ। ਇਸ ਮਾਰਚ ਦੇ ਨਾਲ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਸੁਰਜੀਤ ਸਿੰਘ ਅਰਾਈਆਂ ਵਾਲਾ, ਸਤਪਾਲ ਸਿੰਘ ਡਗਰੂ, ਅਮਨਾਂ ਪੰਜਗਰਾਈ, ਬੂਟਾ ਸਿੰਘ ਰਣਸੀਂਹ ਕੇ ਕਲ੍ਹਾਂ, ਹਰਜਿੰਦਰ ਸਿੰਘ ਰੋਡੇ, ਸੁਖਵਿੰਦਰ ਸਿੰਘ ਆਜ਼ਾਦ, ਭਾਈ ਜਗਸੀਰ ਸਿੰਘ ਰਾਜੇਆਣਾ, ਬਾਬਾ ਸਤਨਾਮ ਸਿੰਘ ਰਾਜੇਆਣਾ, ਕਸ਼ਮੀਰ ਸਿੰਘ ਮਾਹਲਾ, ਬਾਬਾ ਜੁਗਰਾਜ ਸਿੰਘ ਮੌੜ, ਭਾਈ ਬਲਵੰਤ ਸਿੰਘ ਬੁੱਧ ਸਿੰਘ ਵਾਲਾ, ਭਾਈ ਹਰਪਾਲ ਸਿੰਘ ਕੁੱਸਾ, ਭਾਈ ਬਲਰਾਜ ਸਿੰਘ, ਗੁਰਪ੍ਰੀਤਮ ਸਿੰਘ, ਬਾਬਾ ਕੁਲਦੀਪ ਸਿੰਘ ਰੌਤਾ, ਦਲਜੀਤ ਸਿੰਘ ਘੋਲੀਆ, ਬਲਦੇਵ ਸਿੰਘ ਗਗੜਾ ਅਤੇ ਜਸਵਿੰਦਰ ਸਿੰਘ ਘੋਲੀਆ ਆਦਿ ਸਨ।

commercial - industrial - residential
ROYAL GROUP
"Choose the Best"
Sam Rakhra
President
Bus: 604-590-6111
Fax: 604-590-4111
Cell: 604-761-0172
samrakhra@shaw.ca
#104 - 13049 76th Ave.
Surrey, B.C. V3W 2V7

# ਦੌਲਤਪੁਰਾ ਬੇਅਦਬੀ ਘਟਨਾ ਦੇ ਦੋਸ਼ੀਆਂ ਨੂੰ ਜਲਦੀ ਪਕੜਿਆ ਜਾਵੇ
## ਬਾਬਾ ਬਲਦੇਵ ਸਿੰਘ ਜੋਗੇਵਾਲਾ-ਬਾਬਾ ਰੇਸ਼ਮ ਸਿੰਘ ਖੁਖਰਾਣਾ



**ਖੁਖਰਾਣਾ** - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦੀ ਬੇਅਦਬੀ ਬਰਗਾੜੀ ਕਾਂਡ ਤੋਂ ਲੈ ਕੇ ਹੁਣ ਤੱਕ 75 ਵਾਰ ਹੋ ਚੁੱਕੀ ਹੈ। ਅਜੇ ਤੱਕ ਕਿਸੇ ਵੀ ਘਟਨਾ ਦਾ ਅਸਲ ਦੋਸ਼ੀ ਪਕੜ ਵਿਚ ਨਹੀਂ ਆਇਆ। ਜਿਸ ਕਾਰਨ ਦੁਸ਼ਟ ਲੋਕਾਂ ਦੇ ਹੌਂਸਲੇ ਬੁਲੰਦ ਹੁੰਦੇ ਜਾ ਰਹੇ ਹਨ। ਬੇਅਦਬੀ ਦੀਆਂ ਘਟਨਾ ਵਿਚ ਤੇਜ਼ੀ ਆ ਰਹੀ ਹੈ। ਜਿਸ ਦੀ ਮਿਸਾਲ ਮੋਗਾ ਜ਼ਿਲ੍ਹੇ ਦੇ ਪਿੰਡ ਦੌਲਪੁਰਾ ਵਿਖੇ ਇਕ ਹਫ਼ਤੇ ਦੇ ਵਿਚ ਤਿੰਨ ਵਾਰ ਗੁਰਬਾਣੀ ਦੀ ਬੇਅਦਬੀ ਹੋ ਜਾਣਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲਾ ਅਤੇ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਪੁਲਿਸ ਦੇ ਉੱਚ ਅਧਿਕਾਰੀ ਬਠਿੰਡਾ ਰੇਂਜ ਦੇ ਆਈ.ਜੀ. ਰਣਬੀਰ ਸਿੰਘ ਖੱਟੜਾ ਐਸ.ਐਸ.ਪੀ. ਸੰਦੀਪ ਸ਼ਰਮਾ ਡੀ.ਐਸ.ਪੀ., ਐਸ.ਐਚ.ਓ. ਜਸਵਿੰਦਰ ਸਿੰਘ ਘੱਲਕਲਾਂ ਪਿੰਡ ਦੌਲਤਪੁਰਾ ਵਿਖੇ ਪਹੁੰਚੇ ਹੋਏ ਸਨ। ਉਨ੍ਹਾਂ ਦੇ ਨਾਲ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਸਾਥੀਆਂ ਸਮੇਤ ਇਸ ਘਟਨਾ ਸਬੰਧੀ ਬੜੇ ਵਿਸਥਾਰ ਦੇ ਨਾਲ ਗੱਲਬਾਤ ਕੀਤੀ ਅਤੇ ਦੋਸ਼ੀਆਂ ਨੂੰ ਜਲਦੀ ਫੜਨ ਦੇ ਲਈ ਕਿਹਾ ਅਤੇ ਇਕ ਹਫ਼ਤੇ ਦੇ ਵਿਚ ਤਿੰਨ ਵਾਰ ਲਗਾਤਾਰ ਬੇਅਦਬੀ ਦੀ ਘਟਨਾ ਵਾਪਰਨ ਨੂੰ ਬੜਾ ਦੁਖਦਾਈ ਦੱਸਿਆ ਅਤੇ ਪੁਲਿਸ ਦੇ ਉੱਚ ਅਧਿਕਾਰੀਆਂ ਨੇ ਬਾਬਾ ਜੀ ਦੀ ਗੱਲ ਨੂੰ ਗੌਰ ਤੇ ਪ੍ਰੇਮ ਦੇ ਨਾਲ ਸੁਣਿਆ।

ਇਸ ਮੌਕੇ ਬਾਬਾ ਰੇਸ਼ਮ ਸਿੰਘ ਨੂੰ ਕਿਹਾ ਕਿ ਅਸੀਂ ਤੁਹਾਡੇ ਸਹਿਯੋਗ ਦੇ ਨਾਲ ਦੋਸ਼ੀਆਂ ਨੂੰ ਜਲਦੀ ਹੀ ਟਰੇਸ ਕਰਾਂਗੇ। ਤੁਸੀਂ ਸਾਡਾ ਪ੍ਰਸ਼ਾਸ਼ਨ ਦਾ ਡੱਟ ਕੇ ਸਹਿਯੋਗ ਦਿਉ। ਇਸ ਸਮੇਂ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਸਹਿਯੋਗ ਦਾ ਭਰੋਸਾ ਦਿਵਾਇਆ ਅਤੇ ਸੰਗਤਾਂ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਕਿ ਅਮਨ ਸ਼ਾਂਤੀ ਬਰਕਰਾਰ ਰੱਖੀ ਜਾਵੇ। ਜੋ ਗਲਤ ਅਨਸਰ ਤਰ੍ਹਾਂ-ਤਰ੍ਹਾਂ ਦੀਆਂ ਅਫਵਾਹਾਂ ਫੈਲਾ ਕੇ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ ਉਨ੍ਹਾਂ ਤੋਂ ਬਚਿਆ ਜਾ ਸਕੇ ਅਤੇ ਆਪਸੀ ਭਾਈਚਾਰੇ ਨੂੰ ਕਾਇਮ ਰੱਖਿਆ ਜਾ ਸਕੇ। ਇਸ ਸਮੇਂ ਉਨ੍ਹਾਂ ਦੇ ਨਾਲ ਸਰਪੰਚ ਦੌਲਤਪੁਰਾ, ਸਮੂਹ ਮੈਂਬਰ ਪੰਚਾਇਤ, ਗਿਆਨੀ ਹਰਪ੍ਰੀਤ ਸਿੰਘ ਜੋਗੇਵਾਲਾ, ਭਾਈ ਅੰਮ੍ਰਿਤਪਾਲ ਸਿੰਘ ਜੋਗੇਵਾਲਾ, ਬਾਬਾ ਗੁਰਵਿੰਦਰ ਸਿੰਘ ਡੇਮਰੂ, ਭਾਈ ਮਨਜਿੰਦਰ ਸਿੰਘ ਸਤਿਕਾਰ ਕਮੇਟੀ ਅਤੇ ਭਾਈ ਭਜਨ ਸਿੰਘ ਜੋਗੇਵਾਲਾ ਮੁੱਖ ਤੌਰ 'ਤੇ ਹਾਜ਼ਰ ਸਨ।

# ਕਾਵਿ-ਕਿਆਰੀ

## ਅਣਜੰਮੀ ਦੀ ਅਰਜੋਈ

ਵੱਧ ਪੁੱਤਾਂ ਤੋਂ ਕਰਾਂਗੀ ਸੇਵਾ ਆ ਕੇ,
ਮਿਲਣਾ ਕੀ ਤੈਨੂੰ ਬਾਬਲਾਂ।
ਮੈਨੂੰ ਕੁੱਖ ਵਿੱਚ ਕਤਲ ਕਰਾਕੇ,
ਮਿਲਣਾ ਕੀ ਤੈਨੂੰ ਬਾਬਲਾਂ।

ਹਰ ਵੇਲੇ ਮੰਗਾ ਤੇਰੀ ਰੱਬ ਕੋਲੋ ਖੈਰ ਵੇ,
ਪੈਣ ਦੇ ਤੂੰ ਮੇਰੇ ਘਰ ਤੇਰੇ ਵਿੱਚ ਪੈਰ ਵੇ।
ਬਣੀ ਘੋੜਾ ਨਾ ਤੂੰ ਪਿੱਠ ਤੇ ਬੈਠਾ ਕੇ,
ਮਿਲਣਾ ਕੀ ਤੈਨੂੰ ਬਾਬਲਾਂ
ਮੈਨੂੰ ਕੁੱਖ ਵਿੱਚ ਕਤਲ ਕਰਾਕੇ।

ਘਰ ਤੇਰੇ ਅਸੀਂ ਕਿਹੜਾ ਸਦਾ ਬੈਠੇ ਰਹਿਣਾ ਵੇ,
ਧੀਆਂ ਨੇ ਬੇਗਾਨਾ ਧੰਨ ਦੁਨੀਆਂ ਦਾ ਕਹਿਣਾ ਵੇ।
ਪਾਪ ਖੱਟ ਨਾਂ ਤੂੰ ਸਾਨੂੰ ਵੇ ਮਿਟਾਕੇ,
ਮਿਲਣਾ ਕੀ ਤੈਨੂੰ ਬਾਬਲਾਂ ਮੈਨੂੰ।

ਮਾਂ ਅਤੇ ਬਾਬਲਾ ਤੂੰ ਕਹਿਰ ਨਾ ਕਮਾ ਵੇ,
ਬਨਾਉ ਵੀਰ ਰੱਖੜੀ ਚੜ੍ਹੂਗਾ ਸਾਨੂੰ ਚਾਅ ਵੇ।
ਮੌਕਾ ਦੇ ਸਾਨੂੰ ਤੂੰ ਗੁਰਾਂ ਨੂੰ ਧਿਆਕੇ,
ਮਿਲਣਾ ਕੀ ਤੈਨੂੰ ਬਾਬਲਾਂ ਮੈਨੂੰ।

ਜੰਮਦੀਆਂ ਧੀਆਂ ਨੇ ਲਿਖਾ ਕੇ ਸੁੱਖੇ ਭਾਗ ਵੇ,
ਚਿੱਟੀ ਤੇਰੀ ਪੱਗ ਨੂੰ ਕਦੇ ਨਾ ਲਾਵਾ ਦਾਗ ਵੇ।
ਤੈਥੋਂ ਮੰਗੂਂਗੀ ਨਾ ਖਿਡਾਉਣੇ ਆ ਕੇ,
ਮਿਲਣਾ ਕੀ ਤੈਨੂੰ ਬਾਬਲਾਂ ਮੈਨੂੰ।

ਸੁਖਵਿੰਦਰ ਰਾਏ (ਕੈਨੇਡਾ)

## ਧੀਆਂ

ਇਹ ਘਰ ਨੂੰ ਸਵਰਗ ਬਣਾਉਂਦੀਆਂ ਨੇ,
ਬਿਨ ਧੀਆਂ ਇਹ ਸੰਸਾਰ ਨਹੀ।
ਪਰ ਧੀ ਤਾਂ ਹੈ ਪਰਾਇਆ ਧਨ,
ਤੇ ਪਰਾਇਆਂ ਤੇ ਇਤਬਾਰ ਨਹੀਂ।
ਲਾਡ ਲਡਾਉਂਦੇ ਮਾਪਿਆਂ ਦਾ,
ਇਹ ਸੋਚ, ਸਬਰ ਜਿਹਾ ਮੁੱਕ ਜਾਂਦਾ।
ਧੀ ਦੀ ਆਮਦ ਤੇ ਕਿਉਂ ਲੋਕੋ,
ਬਾਬਲ ਦਾ ਪੱਲਾ ਝੁਕ ਜਾਂਦਾ।
ਸਦਾ ਹੱਸਦੀ-ਵਸਦੀ ਰਹਿ ਧੀਏ,
ਤੈਨੂੰ ਸੋਹਣਾ-ਸੁਖੀ ਪਰਿਵਾਰ ਮਿਲੇ।
ਜਿਵੇਂ ਦੁੱਧ-ਮੱਖਣਾਂ ਨਾਲ ਪਾਲੀ ਮੈਂ,
ਸਹੁਰੇ ਘਰ ਵੀ ਇਹੀ ਦੁਲਾਰ ਮਿਲੇ।
ਦੁਆਵਾਂ ਦਿੰਦੇ ਬਾਬਲ ਦਾ,
ਇਹ ਸੋਚਕੇ ਸਾਹ ਜਿਹਾ ਸੁੱਕ ਜਾਂਦਾ।
ਧੀ ਦੀ ਆਮਦ ਤੇ........
ਵਿਹੜੇ ਵਿਚ ਮਹਿਕਣ ਫੁੱਲ ਬਣ ਕੇ,
ਧੀ ਹੱਸਦੀ ਤਾਂ ਰੱਬ ਹੱਸਦਾ ਹੈ।
ਦੁਨੀਆਂ ਤੇ ਵੰਸ਼ ਚਲਾਉਂਦੀਆਂ ਨੇ,
ਘਰ ਧੀਆਂ ਨਾਲ ਹੀ ਵਸਦਾ ਹੈ।
ਧੀਆਂ ਬਿਨ 'ਪ੍ਰੀਤ' ਇਹ ਦੁਨੀਆਂ ਦਾ,
ਸਭ ਤਾਣਾ-ਬਾਣਾ ਰੁਕ ਜਾਂਦਾ।
ਧੀ ਦੀ ਆਮਦ ਤੇ........



-ਮਨਦੀਪ ਕੌਰ ਪ੍ਰੀਤ
ਮੁਕੇਰੀਆਂ (ਹੁਸ਼ਿਆਰਪੁਰ)
94650-01883

* * *

# ਕਾਵਿ-ਸਤਰਾਂ

ਭਜਨ ਸਿੰਘ ਬਾਂਹਬਾ

ਤਕਦੇ ਰਹੇ ਇੱਕ ਦੂਜੇ ਵੱਲ, ਮੂੰਹੋਂ ਕੁਝ ਵੀ ਬੋਲੇ ਨਾਂ।
ਕਹਿਣਾ ਚਾਹੁੰਦੇ ਸੀ ਉਹ ਕੁੱਝ, ਪਰ ਜਿੰਦਰੇ ਦਿਲ ਦੇ ਖੋਲੇ ਨਾਂ।
ਅੱਖੀਆਂ ਦੇ ਵਿੱਚ ਖਿੱਚ ਬੜੀ ਸੀ, ਲੱਗੇ ਬਣ ਜਾਈਏ ਕਿਤੇ ਗੋਲੇ ਨਾਂ।
ਲਗਦਾ ਦਿਲ ਮੰਗਦਾ ਸੀ ਇਕਾਂਤ ਥੋੜ੍ਹਾ ਚਿਰ, ਹੋਵੇ ਕੋਈ ਵੀ ਕੋਲੇ ਨਾਂ।
ਖੋਲ ਦਿਊ ਹੁਣ ਦਿਲ ਦੀਆਂ ਤੰਦਾ, ਭਜਨ ਛੱਡ ਜਾਈਏ ਕਿਤੇ ਚੋਲੇ ਨਾਂ।